BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4

Tel 604.707.5600
Fax 604.707.5604

www.bccdc.ca
www.SmartSexResource.com

# ਡੌਕਸੀਸਾਈਕਲੀਨ
# Doxycycline

ਡੌਕਸੀਸਾਈਕਲੀਨ ਇੱਕ ਐਂਟੀਬਾਇਓਟਿਕ ਦਵਾਈ ਹੈ ਜਿਸ ਨੂੰ ਜਿਨਸੀ ਸੰਬੰਧਾਂ ਕਾਰਣ ਫੈਲਣ ਵਾਲੀਆਂ ਕੁਝ ਇਨਫ਼ੈਕਸ਼ਨਾਂ (ਐੱਸ.ਟੀ.ਆਈ.'ਜ਼) ਦੇ ਇਲਾਜ ਵਾਸਤੇ ਮੂੰਹ ਰਾਹੀਂ ਲਿਆ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ **ਟੈਟ੍ਰਾਸਾਈਕਲੀਨ ਐਂਟੀਬਾਇਓਟਿਕ ਦਵਾਈਆਂ** ਜਿਵੇਂ ਕਿ ਟੈਟ੍ਰਾਸਾਈਕਲੀਨ ਜਾਂ ਮੀਨੋਸਾਈਕਲੀਨ ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਗਰਭ ਅਵਸਥਾ ਦੌਰਾਨ ਡੌਕਸੀਸਾਈਕਲੀਨ ਲੈਣੀ ਸੁਰੱਖਿਅਤ **ਨਹੀਂ** ਹੈ।
- ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਡੌਕਸੀਸਾਈਕਲੀਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਬੱਚਿਆਂ ਤੇ ਇਸਦੇ ਅਸਰਾਂ ਦਾ ਹਾਲੀ ਪਤਾ ਨਹੀਂ। ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਲਓ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ
- ਡੌਕਸੀਸਾਈਕਲੀਨ ਕਾਰਣ ਤੁਹਾਡੀ ਚਮੜੀ ਜ਼ਿਆਦਾ ਸੰਵੇਦਨਸ਼ੀਲ ਹੋ ਸਕਦੀ ਹੈ ਅਤੇ ਤੁਹਾਨੂੰ ਸੰਨਬਰਨ ਹੋ ਸਕਦਾ ਹੈ। ਧੁੱਪ ਵਿੱਚ ਜਾਣ ਤੋਂ ਜਾਂ ਨਕਲੀ ਯੂ.ਵੀ. ਕਿਰਣਾਂ (ਸੰਨਲੈਂਪ ਜਾਂ ਟੈਨਿੰਗ ਬੈੱਡ) ਤੋਂ ਪਰਹੇਜ਼ ਕਰੋ। ਜੇ ਤੁਸੀਂ ਧੁੱਪ ਵਿੱਚ ਬਾਹਰ ਨਿਕਲਣਾ ਹੋਵੇ ਤਾਂ **ਸੰਨਸਕ੍ਰੀਨ** ਅਤੇ ਧੁੱਪ ਤੋਂ ਰੱਖਿਆ ਕਰਨ ਵਾਲੇ ਕੱਪੜੇ ਪਹਿਨੋ।
- ਡੌਕਸੀਸਾਈਕਲੀਨ ਦੇ ਨਾਲ **ਆਇਰਨ ਸਪਲੀਮੈਂਟ, ਕੈਲਸੀਅਮ ਸਪਲੀਮੈਂਟ, ਅਲੂਮਨਮ ਅਤੇ ਮੈਗਨੀਸੀਅਮ ਵਾਲੇ ਐਂਟਾਸਿਡ ਜਾਂ ਬਿਸਮੁਥ ਸਬਸੈਲੀਸੀਲੇਟ** (ਪੈਪਟੋ ਬਿਸਮੌਲ - Pepto Bismol®) ਨਾ ਲਓ। ਡੌਕਸੀਸਾਈਕਲੀਨ ਨੂੰ ਇਨ੍ਹਾਂ ਉਤਪਾਦਾਂ ਤੋਂ 2 ਘੰਟੇ ਪਹਿਲਾਂ ਜਾਂ 6 ਘੰਟੇ ਬਾਅਦ ਲਓ।
- **ਡੌਕਸੀਸਾਈਕਲੀਨ ਕਾਰਣ ਮਾਇਐਸਥੀਨੀਆ ਗ੍ਰਾਵਿਸ ਦੇ ਲੱਛਣ ਹੋਰ ਬਦਤਰ ਹੋਣ ਦੀ ਸੰਭਾਵਨਾ ਹੁੰਦੀ ਹੈ।** ਜੇ ਤੁਹਾਨੂੰ ਮਾਇਐਸਥੀਨੀਆ ਗ੍ਰਾਵਿਸ (ਤੰਤੂ ਅਤੇ ਪੱਠਿਆਂ ਸੰਬੰਧੀ ਕੋਈ ਵਿਗਾੜ) ਹੈ ਤਾਂ ਡੌਕਸੀਸਾਈਕਲੀਨ ਲੈਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ-ਬਾਤ ਕਰੋ।
- ਜੇ ਤੁਹਾਨੂੰ ਜ਼ੀਸਟ ਦੀ ਇਨਫੈਲਸ਼ਨ ਦਾ ਪਿਛੋਕੜ ਹੈ ਤਾਂ ਆਪਣੀ ਸਿਹਤ ਸੰਭਾਲ ਵਾਲੇ ਨੂੰ ਦੱਸੋ।
- **ਡੌਕਸੀਸਾਈਕਲੀਨ ਨਾਲ ਕਿਰਪਾ ਕਰਕੇ ਹੇਠ ਲਿਖੀਆਂ ਦਵਾਈਆਂ ਨਾ ਲਓ:**
  - **ਐਸੀਟ੍ਰੀਟਿਨ** (ਸੋਰੀਏਟੇਨ - Soriatane®), **ਆਇਸੋਟ੍ਰੈਟਿਨਾਲਿਨ** (Accutane Roche® - ਐਕਿਊਟੇਨ ਰੋਸ਼, Clarus® - ਕਲੈਰੁਸ, Epuris® - ਐਪਿਊਰਿਸ) ਅਤੇ **ਐਲੀਟ੍ਰੈਟੀਨੋਇਨ** (Toctino® - ਟੌਕਟੀਨੋ, Hanzema™ ਹੈਂਜ਼ੇਮਾ)

## ਮਾੜੇ ਪ੍ਰਭਾਵ (Side Effects)

- ਤੁਹਾਨੂੰ ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਵਿੱਚ ਇੱਕ ਦਮ ਅਤੇ ਤੇਜ਼ ਦਰਦ ਹੋ ਸਕਦੀ ਹੈ, ਉਲਟੀਆਂ, ਸਿਰ ਦਰਦ, ਚਮੜੀ ਉੱਪਰ ਧੱਫੜ, ਧੁੱਪ ਕਾਰਣ ਬੇਅਰਾਮੀ ਹੋ ਸਕਦੀ ਹੈ (ਸੰਵੇਦਨਸ਼ੀਲਤਾ)।



Provincial Health Services Authority
Province-wide solutions. Better health.

Punjabi

ACCREDITED · AGRÉÉ · CCHSA · CCASS

*A research and teaching centre affiliated with UBC*

# ਡੌਕਸੀਸਾਈਕਲੀਨ (ਜਾਰੀ)
# Doxycycline (cont'd)

## ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਪੇਟ ਖ਼ਰਾਬ ਹੋਣ ਤੋਂ ਬਚਾਉਣ ਲਈ ਦਵਾਈ ਨੂੰ ਭੋਜਨ ਦੇ ਨਾਲ ਲਓ।
- ਕੈਪਸੂਲ ਨੂੰ ਪੀਸਣਾ, ਚੱਬਣਾ ਜਾਂ ਖੋਲ੍ਹਣਾ ਨਹੀਂ ਹੈ।
- ਦਵਾਈ ਨੂੰ ਪਾਣੀ ਦੇ ਪੂਰੇ ਗਲਾਸ ਨਾਲ ਨਿਗਲੋ ਅਤੇ ਦਵਾਈ ਲੈਣ ਤੋਂ ਬਾਅਦ ਘੱਟੋ-ਘੱਟ 30 ਮਿੰਟ ਲਈ ਸਿੱਧੇ ਖੜੇ ਰਹੋ ਜਾਂ ਬੈਠੋ।
- ਜੇ ਤੁਸੀਂ ਦਵਾਈ ਦੀ ਕੋਈ ਖ਼ਰਾਕ ਖੁੰਝਾ ਦਿਓ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲਓ। ਪਰ, ਜੇ ਤੁਹਾਡੀ ਦਵਾਈ ਦੀ ਅਗਲੀ ਖ਼ੁਰਾਕ ਦਾ ਸਮਾਂ ਨੇੜੇ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਤੈਅ ਸਮਿਆਂ ਮੁਤਾਬਕ ਦਵਾਈ ਲੈਣੀ ਜਾਰੀ ਰੱਖੋ। ਦੁਗਣੀ ਖ਼ੁਰਾਕ ਨਾ ਲਓ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਉਦੋਂ ਤਕ ਸੰਭੋਗ ਨਾ ਕਰੋ ਜਦੋਂ ਤਕ:
  - ਤੁਹਾਨੂੰ ਟ੍ਰੀਟਮੈਂਟ ਪੂਰਾ ਕੀਤੇ ਹੋਏ ਇੱਕ ਹਫ਼ਤਾ ਨਹੀਂ ਹੋ ਜਾਂਦਾ; ਜਾਂ ਜਦੋਂ ਤਕ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਸ ਬਾਰੇ ਸਲਾਹ ਨਹੀਂ ਦਿੱਤੀ ਜਾਂਦੀ, **ਅਤੇ**
  - ਤੁਹਾਡੇ ਕਾਮੁਕ ਸਾਥੀ(ਆਂ) ਦਾ ਇਲਾਜ ਵੀ ਕਰ ਦਿੱਤਾ ਗਿਆ ਹੈ **ਅਤੇ** ਉਨ੍ਹਾਂ ਦਾ ਟ੍ਰੀਟਮੈਂਟ ਸ਼ੁਰੂ ਹੋਏ ਨੂੰ ਇੱਕ ਹਫ਼ਤਾ ਹੋ ਚੁੱਕਾ ਹੈ, ਭਾਵੇਂ ਉਨ੍ਹਾਂ ਦੇ ਟੈਸਟ ਦੇ ਨਤੀਜੇ ਨਾਂਹ-ਪੱਖੀ (ਨੈਗੇਟਿਵ) ਹੀ ਹੋਣ।
- ਜੇ ਤੁਸੀਂ ਅਜਿਹੇ ਸਾਥੀ ਨਾਲ ਸੰਭੋਗ ਕਰ ਰਹੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਤੁਸੀਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ ਤਾਂ ਤੁਹਾਨੂੰ ਦੁਬਾਰਾ ਟ੍ਰੀਟਮੈਂਟ ਕਰਵਾਉਣ ਦੀ ਲੋੜ ਪਵੇਗੀ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।